# ਈ-ਸ਼ਬਦ



## ਅੱਜ ਦਾ ਸ਼ਬਦ "ਕੰਪਿਊਟਰ"

ਅਸੀਂ ਸਾਰੇ ਜਾਣਦੇ ਹਾਂ ਕਿ ਕੰਪਿਊਟਰ ਤੋਂ ਭਾਵ ਹੈ ਇਲੈਕਟ੍ਰਾਨਿਕ (Electronic) ਮਸ਼ੀਨ ਜੋ ਡਾਟਾ ਲੈਣ, ਪ੍ਰੋਸੈਸ (Process)ਕਰਨ, ਸਟੋਰ ਕਰਨ ਅਤੇ ਸੰਚਾਰ ਕਰਨ ਵਿੱਚ ਸਾਡੀ ਮਦਦ ਕਰਦੀ ਹੈ। ਕੰਪਿਊਟਰ ਸ਼ਬਦ ਦਾ ਪ੍ਰਯੋਗ ਲਗਭਗ 1620 ਈ. ਤੋਂ ਹੋਣਾ ਸ਼ੁਰੂ ਹੋਇਆ ਜਦੋਂ ਇਸ ਸ਼ਬਦ ਨੂੰ ਮਕੈਨੀਕਲ (Mechanical) ਰੂਪ ਵਿੱਚ ਚੱਲਣ ਵਾਲੀਆਂ ਮਸ਼ੀਨਾਂ ਜੋ ਕਿ ਗਣਨਾਵਾਂ ਕਰਨ ਯੋਗ ਸਨ, ਲਈ ਵਰਤਿਆ ਜਾਣ ਲੱਗਾ। ਲਗਭਗ 1822 ਈ. ਵਿੱਚ 'ਚਾਰਲਸ ਬੇਬੇਜ਼' ਨੇ ਪਹਿਲੀ ਵਾਰ ਆਟੋਮੈਟਿਡ ਕੰਪਿਊਟਿੰਗ (Automated Computing) ਮਸ਼ੀਨ ਬਣਾਈ ਜੋ ਕਿ ਅਜੋਕੇ ਡੀਜ਼ੀਟਲ ਕੰਪਿਊਟਰ ਦਾ ਆਧਾਰ ਬਣ ਦੇ ਉੱਭਰੀ। ਉਸ ਸਮੇਂ ਦੇ ਕੰਪਿਊਟਰਾਂ ਅਤੇ ਅੱਜ ਕੱਲ ਦੇ ਕੰਪਿਊਟਰਾਂ ਵਿੱਚ ਬਹੁਤ ਜਿਆਦਾ ਅੰਤਰ ਸੀ, ਪਰੰਤੂ 'ਚਾਰਲਸ ਬੇਬੇਜ਼' ਦੁਆਰਾ ਇਲੈਕਟ੍ਰਨਿਕ (Electronic) ਮਸ਼ੀਨ ਦੇ ਰੂਪ ਵਿੱਚ ਦਿੱਤੀ ਗਈ ਸੇਧ ਸਦਕਾ ਹੀ ਉਸਨੂੰ ਕੰਪਿਊਟਰ ਦਾ ਪਿਤਾ ਹੋਣ ਦਾ ਖਿਤਾਵ ਦਿੱਤਾ ਗਿਆ ਹੈ। ਪਹਿਲਾ ਪ੍ਰੋਗਰਾਮੇਂਬਲ (Programmable)ਕੰਪਿਊਟਰ ਲਗਭਗ 1938 ਈ. ਵਿੱਚ ਬਣਿਆ।

ਮਾਡਰਨ ਕੰਪਿਊਟਰ ਨੂੰ 'ਡਿਜ਼ੀਟਲ ਕੰਪਿਊਟਰ (Digital Computer)' ਜਾਂ 'ਪਰਸਨਲ ਕੰਪਿਊਟਰ (Personal Computer)' ਵੀ ਕਿਹਾ ਜਾਂਦਾ ਹੈ। ਕੰਪਿਊਟਰਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਕੰਪਿਊਟਰ ਨੂੰ "ਸੂਪਰ ਕੰਪਿਊਟਰ (Super Computer)" ਵਜੋਂ ਜਾਣਿਆ ਜਾਂਦਾ ਹੈ ਜੋ ਕਿ ਬਹੁਤ ਹੀ ਤੇਜ਼ ਅਤੇ ਗੁੰਝਲਦਾਰ ਗਣਨਾਵਾਂ ਕਰਨ ਯੋਗ ਹੁੰਦਾ ਹੈ।

## Word of the Day is "**Computer**"

We all know that Computer is an electronic machine which helps us in accepting Data, Processing Data, Storing data and communicating data. The word Computer was firstly used in 1620 when it was used for mechanical devices capable of doing arithmetic calculations. In 1822, "The Charles Babbage" designed first automated machine which become the base for modern digital Computers. There is a great difference between computers used in early days of its invention and computers available now a days. But, Electronic Machine designed by Charles Babbage gave new direction to digital computing and made him "Father of Computer". First programmable Computer was designed in approx. 1938.

Modern Computers are also known as "Digital Computer" or "Personal Computer". The most powerful computer is known as "Super Computer" which is able to perform complex calculations very fast.

### ਰੋਚਕ ਤੱਥ:-

**ਪਹਿਲੇ ਇਲੈਕਟਾਨਿਕ ਕੰਪਿਊਟਰ (ENIAC) ਦਾ ਆਕਾਰ ਲਗਭਗ 1800 ਵਰਗ ਫੁੱਟ ਅਤੇ ਲਾਗਤ 47.14 ਕਰੋੜ ਰੁਪਏ ਸੀ, ਜਿੰਨੇ ਥਾਂ ਵਿੱਚ ਤੁਹਾਡੇ ਤਿੰਨ ਵੱਡੇ ਕਲਾਸਰੂਮ ਬਣ ਸਕਦੇ ਹਨ ਅਤੇ ਜਿਸ ਦੀ ਕਿਮਤ ਨਾਲ ਲਗਭਗ 1800 ਲੈਪਟਾਪ ਆ ਸਕਦੇ ਹਨ।**

### Interesting Facts:-

**The size of first Electronic Computer named "ENIAC" was 1800 Sq. feet and it costs of Rs. 47.14 crore. Your 3 big classrooms can be made in such an area and 1800 laptops can be purchased from this much of cost.**



**D.M.: Kuldeep Kaushal (Sangrur)**    **Sukhwinder Singh (GSSS(G), Sunam Udham Singh Wala)**